ਵਿਧਾਨਕ ਅਨੁਪੂਰਕ

**ਮਜ਼ਮੂਨ**


| | | |
|---|---|---|
| **ਭਾਗ I** | **ਐਕਟ** | *ਪੰਨੇ* |
| | ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਦੂਜਾ ਸੋਧ) ਐਕਟ, 2017 (ਪੰਜਾਬ ਐਕਟ ਨੰਬਰ 4 ਸਨ 2018) | ..21-22 |
| **ਭਾਗ II** | **ਆਰਡੀਨੈਂਸ** | |
| | ਕੋਈ ਨਹੀਂ | |
| **ਭਾਗ III** | **ਅਧੀਨ ਵਿਧਾਨਕਾਰੀ** | |
| | ਨੋਟੀਫਿਕੇਸ਼ਨ ਨੰਬਰS.O.02/P.A.5/2017/S.17 2/2018, ਮਿਤੀ 10 ਜਨਵਰੀ, 2018, ਜਿਸ ਵਿੱਚ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਮੁਸ਼ਕਲਾਂ ਦੇ ਨਿਵਾਰਣ) ਆਰਡਰ, 2018 ਸ਼ਾਮਲ ਹੈ। | 51 |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | ਕੋਈ ਨਹੀਂ | |

**ਭਾਗ I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ, ਪੰਜਾਬ

**ਨੋਟੀਫਿਕੇਸ਼ਨ**

ਮਿਤੀ: 17 ਜਨਵਰੀ, 2018

**ਨੰਬਰ 4-ਲੀਗਲ/2018.**— ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ ਬਣਾਇਆ ਗਿਆ ਹੇਠ ਲਿਖਿਆ ਐਕਟ, ਜਿਸ ਨੂੰ 22 ਦਸੰਬਰ, 2017 ਨੂੰ ਪੰਜਾਬ ਦੇ ਰਾਜਪਾਲ ਦੀ ਮਨਜ਼ੂਰੀ ਪ੍ਰਾਪਤ ਹੋਈ, ਆਮ ਜਾਣਕਾਰੀ ਲਈ ਇੱਥੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ:-

**ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ**
**ਯੂਨੀਵਰਸਿਟੀ (ਦੂਜਾ ਸੋਧ) ਐਕਟ, 2017**

(ਪੰਜਾਬ ਐਕਟ ਨੰਬਰ 4 ਸਨ 2018)

**ਇੱਕ**

**ਐਕਟ**

*ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ ਯੂਨੀਵਰਸਿਟੀ ਐਕਟ, 2014 ਵਿੱਚ ਹੋਰ ਸੋਧ ਕਰਨ ਲਈ।*

ਭਾਰਤ ਗਣਰਾਜ ਦੇ 68ਵੇਂ ਵਰ੍ਹੇ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ ਇਸ ਪ੍ਰਕਾਰ ਐਕਟ ਬਣਾਇਆ ਗਿਆ ਹੈ, ਅਰਥਾਤ:-

ਸੰਖੇਪ ਨਾਂ ਅਤੇ ਆਰੰਭ।

**1.** (1) ਇਸ ਐਕਟ ਨੂੰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਦੂਜਾ ਸੋਧ) ਐਕਟ, 2017 ਕਿਹਾ ਜਾਵੇਗਾ।

(2) ਇਹ ਐਕਟ ਸਰਕਾਰੀ ਗਜ਼ਟ ਵਿੱਚ ਇਸ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਨਾਫ਼ਜ਼ ਅਤੇ ਪ੍ਰਭਾਵੀ ਹੋਵੇਗਾ।

ਧਾਰਾ 5, ਪੰਜਾਬ ਐਕਟ ਨੰਬਰ 5 ਸਨ 2015 ਵਿੱਚ ਸੋਧ।

**2.** ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਐਕਟ, 2014 (ਅੱਗੇ "ਮੂਲ ਐਕਟ" ਕਿਹਾ ਗਿਆ ਹੈ) ਵਿੱਚ, ਧਾਰਾ 5 ਵਿੱਚ, ਉਪ-ਧਾਰਾ (2) ਦੀ ਥਾਂ ਹੇਠ ਲਿਖੀ ਉਪ-ਧਾਰਾ ਪ੍ਰਤੀਸਥਾਪਿਤ ਕੀਤੀ ਜਾਵੇਗੀ, ਅਰਥਾਤ: -

"(2) ਕਿਸੇ ਹੋਰ ਲਾਗੂ ਕਾਨੂੰਨ ਵਿੱਚ ਕੁਝ ਵੀ ਸਮਾਇਆ ਹੋਣ ਦੇ ਬਾਵਜੂਦ, ਯੂਨੀਵਰਸਿਟੀ ਦੀ ਭੂਗੋਲਿਕ ਸੀਮਾਵਾਂ ਅੰਦਰ ਆਉਣ ਵਾਲੇ ਕਾਲਜਾਂ ਨੂੰ ਇੱਕ ਵਾਰ ਲਈ ਚੋਣ ਦਾ ਅਧਿਕਾਰ ਦਿੱਤਾ ਜਾਵੇਗਾ ਕਿ ਉਹ ਆਪਣੀ ਸੰਬੰਧਤਾ ਆਪਣੀ ਪਸੰਦ ਦੀ ਯੂਨੀਵਰਸਿਟੀ ਨਾਲ ਕਰਵਾ ਸਕਣ, ਅਰਥਾਤ ਜਾਂ ਤਾਂ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਨਾਲ ਜਾਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨਾਲ। ਇਹ ਇੱਕ ਵਾਰ ਦੀ ਚੋਣ

ਸੰਬੰਧਿਤ ਕਾਲਜ ਵੱਲੋਂ ਇਸ ਐਕਟ ਦੀ ਪ੍ਰਕਾਸ਼ਨਾ ਦੀ ਮਿਤੀ ਤੋਂ ਛੇ ਮਹੀਨੇ ਦੀ ਅਵਧੀ ਦੇ ਅੰਦਰ ਵਰਤੀ ਜਾ ਸਕੇਗੀ।

ਹਾਲਾਂਕਿ, ਉਪ-ਧਾਰਾ (1) ਵਿੱਚ ਨਿਰਧਾਰਤ ਭੂਗੋਲਿਕ ਸੀਮਾਵਾਂ ਦੇ ਅੰਦਰ, ਇਸ ਐਕਟ ਦੀ ਪ੍ਰਕਾਸ਼ਨਾ ਦੀ ਮਿਤੀ ਨੂੰ ਜਾਂ ਉਸ ਤੋਂ ਬਾਅਦ ਸਥਾਪਤ ਕੀਤੇ ਗਏ ਨਵੇਂ ਕਾਲਜ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨਾਲ ਹੀ ਸੰਬੰਧਿਤ ਹੋਣਗੇ:

ਬਸ਼ਰਤੇ ਉਹ ਸਾਰੇ ਵਿਦਿਆਰਥੀ, ਜੋ ਅਕਾਦਮਿਕ ਸੈਸ਼ਨ 2015-16 ਦੌਰਾਨ ਯੂਨੀਵਰਸਿਟੀ ਨਾਲ ਸੰਬੰਧਿਤ ਕਿਸੇ ਵੀ ਕਾਲਜ ਵਿੱਚ ਦਾਖ਼ਲ ਕੀਤੇ ਗਏ ਸਨ, ਆਪਣੀ ਪਸੰਦ ਅਨੁਸਾਰ ਮੌਜੂਦਾ ਕਾਲਜ ਵਿੱਚ ਪੜ੍ਹਾਈ ਜਾਰੀ ਰੱਖਦਿਆਂ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਨਾਲ ਕਿਸੇ ਵੀ ਡਿਗਰੀ ਜਾਂ ਡਿਪਲੋਮਾ ਪ੍ਰੀਖਿਆ ਲਈ ਅਧਿਐਨ ਕਰਨ ਦੀ ਚੋਣ ਕਰ ਸਕਣਗੇ ਅਤੇ ਇਸ ਸਥਿਤੀ ਵਿੱਚ ਡਿਗਰੀ ਜਾਂ ਡਿਪਲੋਮਾ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਵੱਲੋਂ ਪ੍ਰਦਾਨ ਕੀਤਾ ਜਾਵੇਗਾ।"

ਧਾਰਾ 20, ਪੰਜਾਬ ਐਕਟ ਨੰਬਰ 5 ਸਨ 2015 ਵਿੱਚ ਸੋਧ।

**3.** ਮੂਲ ਐਕਟ ਵਿੱਚ, ਧਾਰਾ 20 ਦੀ ਉਪ-ਧਾਰਾ (2) ਨੂੰ ਹਟਾ ਦਿੱਤਾ ਜਾਵੇਗਾ। ਹਾਲਾਂਕਿ, ਇਸ ਤਰ੍ਹਾਂ ਕੀਤੀ ਗਈ ਹਟਾਉ, ਪਹਿਲਾਂ ਕੀਤੇ ਜਾਂ ਸਹੇ ਗਏ ਕਿਸੇ ਵੀ ਕੰਮ ਦੀ ਵੈਧਤਾ ਜਾਂ ਅਵੈਧਤਾ, ਉਸ ਦੇ ਪ੍ਰਭਾਵ ਜਾਂ ਨਤੀਜਿਆਂ ਨੂੰ, ਜਾਂ ਕਿਸੇ ਅਧਿਕਾਰ, ਹੱਕ, ਬਾਧਤਾ ਜਾਂ ਜ਼ਿੰਮੇਵਾਰੀ ਨੂੰ, ਜੋ ਹਟਾਈ ਗਈ ਉਪ-ਧਾਰਾ ਦੇ ਅਧੀਨ ਪਹਿਲਾਂ ਹੀ ਪ੍ਰਾਪਤ, ਉਤਪੰਨ ਜਾਂ ਵਹੇੜੀ ਹੋ ਚੁੱਕੀ ਹੋਵੇ, ਪ੍ਰਭਾਵਿਤ ਨਹੀਂ ਕਰੇਗੀ।

**ਵਿਵੇਕ ਪੁਰੀ**,
ਪੰਜਾਬ ਸਰਕਾਰ ਦੇ ਸਕੱਤਰ,
ਕਾਨੂੰਨੀ ਅਤੇ ਵਿਧਾਨਕ ਕਾਰ-ਵਿਹਾਰ ਵਿਭਾਗ।

**ਭਾਗ III**

**ਪੰਜਾਬ ਸਰਕਾਰ**

ਆਬਕਾਰੀ ਅਤੇ ਕਰ ਵਿਭਾਗ

(ਆਬਕਾਰੀ ਅਤੇ ਕਰ–II ਸ਼ਾਖਾ)

**ਆਰਡਰ**

ਮਿਤੀ: 10 ਜਨਵਰੀ, 2018

**ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ**

**(ਮੁਸ਼ਕਲਾਂ ਦੇ ਨਿਵਾਰਣ) ਆਰਡਰ, 2018**

**ਆਰਡਰ ਨੰਬਰ 1 ਸਨ 201**

**ਨੰਬਰ S.O. 02/P.A.5/2017/S.172/2018.**—ਜਦਕਿ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ ਐਕਟ, 2017 (ਪੰਜਾਬ ਐਕਟ ਨੰਬਰ 5 ਸਨ 2017) ਦੀਆਂ ਵਿਵਸਥਾਵਾਂ ਨੂੰ ਲਾਗੂ ਕਰਨ ਵਿੱਚ, ਜਿੱਥੇ ਤੱਕ ਉਹ ਉਕਤ ਐਕਟ ਦੀ ਧਾਰਾ 10 ਨਾਲ ਸੰਬੰਧਿਤ ਹਨ, ਕੁਝ ਮੁਸ਼ਕਲਾਂ ਪੈਦਾ ਹੋਈਆਂ ਹਨ, ਜਿਸ ਨੂੰ ਇਸ ਆਰਡਰ ਵਿੱਚ ਅੱਗੇ "ਉਕਤ ਐਕਟ" ਕਿਹਾ ਗਿਆ ਹੈ;

ਅਤੇ ਹੁਣ, ਇਸ ਲਈ, ਉਕਤ ਐਕਟ ਦੀ ਧਾਰਾ 172 ਵੱਲੋਂ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਅਤੇ ਇਸ ਸਬੰਧ ਵਿੱਚ ਪ੍ਰਦਾਨ ਹੋਰ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ, ਕੌਂਸਲ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ, ਪੰਜਾਬ ਦੇ ਰਾਜਪਾਲ ਹੇਠ ਲਿਖਿਆ ਆਰਡਰ ਜਾਰੀ ਕਰਨ ਵਿੱਚ ਪ੍ਰਸੰਨ ਹਨ, ਅਰਥਾਤ:-

1. ਇਸ ਆਰਡਰ ਨੂੰ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਮੁਸ਼ਕਲਾਂ ਦੇ ਨਿਵਾਰਣ) ਆਰਡਰ, 2018 ਕਿਹਾ ਜਾਵੇਗਾ।

2. ਮੁਸ਼ਕਲਾਂ ਦੇ ਨਿਵਾਰਣ ਲਈ,—

(i) ਇਸ ਦੁਆਰਾ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਉਕਤ ਐਕਟ ਦੇ ਸ਼ੈਡਿਊਲ II ਦੇ ਪੈਰਾ 6 ਦੀ ਕਲੌਜ਼ (b) ਵਿੱਚ ਦਰਸਾਈਆਂ ਗਈਆਂ ਵਸਤੂਆਂ ਅਤੇ/ਜਾਂ ਸੇਵਾਵਾਂ ਦੀ ਸਪਲਾਈ ਕਰਦਾ ਹੈ ਅਤੇ ਨਾਲ ਹੀ ਕਿਸੇ ਵੀ ਛੂਟਯੋਗ ਸੇਵਾਵਾਂ ਦੀ ਸਪਲਾਈ ਵੀ ਕਰਦਾ ਹੈ, ਜਿਸ ਵਿੱਚ ਜਮ੍ਹਾਂ, ਕਰਜ਼ੇ ਜਾਂ ਅਗਾਊਂ ਰਕਮ ਦੇਣ ਰਾਹੀਂ ਪ੍ਰਦਾਨ ਕੀਤੀਆਂ ਸੇਵਾਵਾਂ ਸ਼ਾਮਲ ਹਨ, ਜਿੱਥੇ ਤੱਕ ਉਸ ਦੀ ਪ੍ਰਤੀਫਲ ਰਕਮ ਵਿਆਜ ਜਾਂ ਛੂਟ ਦੇ ਰੂਪ ਵਿੱਚ ਦਰਸਾਈ ਜਾਂਦੀ ਹੈ, ਤਾਂ ਅਜਿਹਾ ਵਿਅਕਤੀ, ਉਕਤ ਧਾਰਾ 10 ਵਿੱਚ ਦਰਸਾਈਆਂ ਗਈਆਂ ਹੋਰ ਸਾਰੀਆਂ ਸ਼ਰਤਾਂ ਦੀ ਪੂਰਤੀ ਦੇ ਅਧੀਨ, ਸੰਯੋਜਨ ਯੋਜਨਾ (ਕੰਪੋਜ਼ੀਸ਼ਨ ਸਕੀਮ) ਲਈ ਅਯੋਗ ਨਹੀਂ ਸਮਝਿਆ ਜਾਵੇਗਾ; ਅਤੇ

(ii) ਅੱਗੇ ਹੋਰ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਸੰਯੋਜਨ ਯੋਜਨਾ ਲਈ ਯੋਗਤਾ ਨਿਰਧਾਰਤ ਕਰਨ ਦੇ ਉਦੇਸ਼ ਨਾਲ ਉਸ ਦੀ ਕੁੱਲ ਟਰਨਓਵਰ ਦੀ ਗਣਨਾ ਕਰਦੇ ਸਮੇਂ, ਕਿਸੇ ਵੀ ਛੂਟਯੋਗ ਸੇਵਾਵਾਂ ਦੀ ਸਪਲਾਈ ਦਾ ਮੁੱਲ, ਜਿਸ ਵਿੱਚ ਜਮ੍ਹਾਂ, ਕਰਜ਼ੇ ਜਾਂ ਅਗਾਊਂ ਰਕਮ ਦੇਣ ਰਾਹੀਂ ਪ੍ਰਦਾਨ ਕੀਤੀਆਂ ਸੇਵਾਵਾਂ ਸ਼ਾਮਲ ਹਨ, ਜਿੱਥੇ ਤੱਕ ਪ੍ਰਤੀਫਲ ਰਕਮ ਵਿਆਜ ਜਾਂ ਛੂਟ ਦੇ ਰੂਪ ਵਿੱਚ ਦਰਸਾਈ ਜਾਂਦੀ ਹੈ, ਨੂੰ ਧਿਆਨ ਵਿੱਚ ਨਹੀਂ ਲਿਆ ਜਾਵੇਗਾ।

**ਐਮ. ਪੀ. ਸਿੰਘ,**

ਵਾਧੂ ਮੁੱਖ ਸਕੱਤਰ–ਕਮ–ਵਿੱਤੀ-
ਕਮਿਸ਼ਨਰ (ਕਰ),ਪੰਜਾਬ ਸਰਕਾਰ,
ਆਬਕਾਰੀ ਅਤੇ ਕਰ ਵਿਭਾਗ।